## ਖੰਡ ਖ

*ਪ੍ਰਸ਼ਨ ਸੰਖਿਆ **7** ਤੋਂ **10** ਤਕ ਹਰ ਇਕ ਪ੍ਰਸ਼ਨ ਦੇ **3** ਅੰਕ ਹਨ ।*

**7.** 2 ਸੈ.ਮੀ. ਅਰਧ ਵਿਆਸ ਦੇ ਇਕ ਚੱਕਰ ਉਪਰ, ਚੱਕਰ ਦੇ ਕੇਂਦਰ ਤੋਂ 5 ਸੈ.ਮੀ. ਦੂਰ ਸਥਿਤ ਇਕ ਬਿੰਦੂ ਤੋਂ ਸਪਰਸ਼ ਰੇਖਾਵਾਂ ਦੇ ਜੋੜੇ ਦੀ ਰਚਨਾ ਕਰੋ । *3*

**8.** ਕੋਈ ਭਾਂਡਾ (ਬਰਤਨ) ਇਕ ਖੋਖਲੇ ਅਰਧ ਗੋਲੇ ਦੇ ਅਕਾਰ ਦਾ ਹੈ ਜਿਸਦੇ ਉਪਰ ਇਕ ਖੋਖਲਾ ਸਿਲੰਡਰ (ਬੇਲਨ) ਜੁੜਿਆ ਹੋਇਆ ਹੈ । ਅਰਧ ਗੋਲੇ ਦਾ ਵਿਆਸ 14 ਸੈ.ਮੀ. ਹੈ ਅਤੇ ਇਸ ਭਾਂਡੇ ਦੀ ਕੁਲ ਉਚਾਈ 13 ਸੈ.ਮੀ. ਹੈ । ਇਸ ਭਾਂਡੇ ਦਾ ਅੰਦਰੂਨੀ ਸਤਹੀ ਖੇਤਰਫਲ ਪਤਾ ਕਰੋ । *3*

**9.** ਇਕ ਪਤੰਗ ਧਰਤੀ ਤੋਂ 66 ਮੀ. ਦੀ ਉਚਾਈ ਤੇ ਉਡ ਰਹੀ ਹੈ । ਪਤੰਗ ਨਾਲ ਜੁੜੀ ਡੋਰ ਨੂੰ ਅਸਥਾਈ ਤੌਰ ਤੇ ਜ਼ਮੀਨ ਦੇ ਇਕ ਬਿੰਦੂ ਨਾਲ ਬੰਨਿਆ ਗਿਆ ਹੈ । ਡੋਰ ਦਾ ਜ਼ਮੀਨ ਨਾਲ ਝੁਕਾਵ $60^\circ$ ਹੈ । ਡੋਰ ਦੀ ਲੰਬਾਈ ਪਤਾ ਕਰੋ, ਇਹ ਮੰਨ ਕੇ ਕਿ ਡੋਰ ਵਿਚ ਕੋਈ ਢੀਲ ਨਹੀਂ ਹੈ । *3*

**10.** (a) 1 ਸੈ.ਮੀ. ਵਿਆਸ ਵਾਲੀ 8 ਸੈ.ਮੀ. ਲੰਬੀ ਤਾਂਬੇ ਦੀ ਇਕ ਠੋਸ ਡੰਡੀ ਨੂੰ ਇਕੋ ਜਹੀ ਮੋਟਾਈ ਵਾਲੀ 18 ਸੈ.ਮੀ. ਲੰਬੀ ਇਕ ਤਾਰ ਦੇ ਰੂਪ ਵਿਚ ਖਿਚਿਆ ਗਿਆ ਹੈ (ਬਦਲਾਇਆ ਗਿਆ ਹੈ) । ਤਾਰ ਦੀ ਮੋਟਾਈ ਪਤਾ ਕਰੋ । *3*

**ਜਾਂ**

(b) ਕਰਮਵਾਰ 6 ਸੈ.ਮੀ., 8 ਸੈ.ਮੀ. ਅਤੇ 10 ਸੈ.ਮੀ. ਅਰਧ ਵਿਆਸ ਵਾਲੇ ਧਾਤ ਦੇ ਤਿੰਨ ਗੋਲਿਆਂ ਨੂੰ ਪਿਘਲਾ ਕੇ ਇਕ ਵੱਡਾ ਠੋਸ ਗੋਲਾ ਬਣਾਇਆ ਜਾਂਦਾ ਹੈ । ਇਸ ਗੋਲੇ ਦਾ ਅਰਧ ਵਿਆਸ ਪਤਾ ਕਰੋ । *3*

